## ਅਪੰਗ ਵਿਦਿਆਰਥੀਆਂ ਲਈ ਵਿਤੀ ਸਹਾਇਤਾ ਦੇ ਨਿਯਮ/ਹਦਾਇਤਾਂ

ਰਾਜ ਦੇ ਸਰਕਾਰੀ/ਪ੍ਰਾਈਵੇਟ ਏਡਿਡ ਅਤੇ ਪੰਜਾਬ ਸਕੂਲ ਸਿੱਖਿਆਂ ਬੋਰਡ, ਮੋਹਾਲੀ ਨਾਲ ਐਫੀਲੀਏਟਿਡ ਸਕੂਲਾਂ ਦੇ ਰੈਗੂਲਰ ਅਪੰਗ ਵਿਦਿਆਰਥੀਆਂ ਦੇ ਵਿੱਦਿਅਕ ਵਿਕਾਸ ਲਈ ਬੋਰਡ ਦੁਆਰਾ ਵਿਸ਼ੇਸ਼ ਵਿਤੀ ਸਹਾਇਤਾ ਦੇਣ ਦਾ ਉਪਬੰਧ ਹੈ। ਇਸ ਸੰਬੰਧੀ ਯੋਗ ਵਿਦਿਆਰਥੀਆਂ ਦੀ ਪ੍ਰਤੀ ਬੇਨਤੀ ਸਕੂਲ ਮੁਖੀ ਵੱਲੋਂ ਮਿਤੀ 30-11-2010 ਤੱਕ ਉਪ ਡਾਇਰੈਕਟਰ (ਗ.ਸ.ਖ.ਸ.) ਛੇਵੀਂ ਮੰਜ਼ਿਲ ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਮੋਹਾਲੀ ਨੂੰ ਦਸਤੀ ਜਾਂ ਰਜਿਸਟਰਡ ਡਾਕ ਰਾਹੀਂ ਪ੍ਰਾਸਪੈਕਟਸ ਦੇ ਅੰਤ ਵਿੱਚ ਨੱਥੀ ਪ੍ਰੋਫਾਰਮੇ (ਐਫ਼.ਪੀ.-1) ਉੱਤੇ ਭੇਜ ਸਕਦੇ ਹਨ।

1. ਸਰਕਾਰੀ, ਮਾਨਤਾ ਪ੍ਰਾਪਤ ਅਤੇ ਐਫੀਲਿਏਟਿਡ ਸਕੂਲਾਂ ਵਿੱਚ ਪੜ੍ਹਦੇ ਰੈਗੂਲਰ ਅਪੰਗ ਵਿਦਿਆਰਥੀਆਂ ਨੂੰ ਹੀ ਇਹ ਵਿਤੀ ਸਹਾਇਤੀ ਦਿੱਤੀ ਜਾਵੇਗੀ। ਇਸ ਦੇ ਸਬੂਤ ਵਜੋਂ ਦਾਖਲਾ ਖਾਰਜ ਰਜ਼ਿਸ਼ਟਰ ਦੀ ਤਸਦੀਕ ਸੁਧਾ ਕਾਪੀ ਜਰੂਰੀ ਹੈ।

2. ਨੇਤਰਹੀਣ, ਗੂੰਗੇ ਅਤੇ ਬੋਲ਼ੇ ਵਿਦਿਆਰਥੀ ਵੀ ਇਹ ਸਹਾਇਤਾ ਲੈ ਸਕਦੇ ਹਨ।

3. ਅਪੰਗਤਾ ਦੀ ਪ੍ਰਤੀਸ਼ਤਾ 40% ਜਾਂ ਇਸ ਤੋਂ ਵੱਧ ਹੋਣੀ ਚਾਹੀਦੀ ਹੈ। 40 ਪ੍ਰਤੀਸ਼ਤ ਤੋਂ ਘੱਟ ਅਪੰਗਤਾ ਵਾਲੇ ਵਿਦਿਆਰਥੀ ਨੂੰ ਇਹ ਸਹਾਇਤਾ ਨਹੀਂ ਦਿੱਤੀ ਜਾਵੇਗੀ। ਸਕੂਲ ਮੁਖੀ ਤੋਂ ਤਸਦੀਕ ਫਾਰਮ ਅਤੇ ਡਾਕਟਰੀ ਸਰਟੀਫਿਕੇਟ ਦੇ ਆਧਾਰ 'ਤੇ ਹੀ ਵਿਤੀ ਸਹਾਇਤਾ ਦਿੱਤੀ ਜਾਵੇਗੀ। ਡਾਕਟਰੀ ਸਰਟੀਫਿਕੇਟ ਦੀ ਕਾਪੀ ਸਕੂਲ ਮੁੱਖੀ ਤੋਂ ਤਸਦੀਕ ਨਾ ਹੋਣ ਦੀ ਸੂਰਤ ਵਿੱਚ, ਕੇਸ ਅਦਾਇਗੀ ਲਈ ਨਹੀਂ ਵਿਚਾਰਿਆ ਜਾਵੇਗਾ।

4. ਅਪੰਗਤਾ ਸੰਬੰਧੀ ਸਰਟੀਫਿਕੇਟ ਅਸਿਸਟੈਂਟ ਸਿਵਲ ਸਰਜਨ / ਐਸ. ਐਮ. ਓ. ਪੀ.ਸੀ.ਐਮ./ ਐਮੱ.ਡੀ. ਆਰਥੋਪੈਡਿਕ ਸਰਜਨ ਵੱਲੋਂ ਜਾਰੀ ਕੀਤਾ ਹੋਣਾ ਚਾਹੀਦਾ ਹੈ।

5. ਵਿਤੀ ਸਹਾਇਤਾ ਦੀ ਦਰ ਵਿਦਿਆਰਥੀਆਂ ਦੇ ਫਾਰਮ ਸਕੂਲ ਮੁਖੀ ਰਾਹੀਂ ਪ੍ਰਾਪਤ ਹੋਣ ਉਪਰੰਤ ਨਿਸ਼ਚਿਤ ਕੀਤੀ ਜਾਵੇਗੀ।

6. ਵਿਤੀ ਸਹਾਇਤਾ ਸਕੂਲ ਮੁਖੀ ਰਾਹੀਂ ਪ੍ਰਦਾਨ ਕੀਤੀ ਜਾਵੇਗੀ। ਸਕੂਲ ਮੁਖੀ ਹੀ ਵਿਦਿਆਰਥੀ ਨੂੰ ਪ੍ਰਾਪਤ ਰਾਸ਼ੀ ਦੇਵੇਗਾ ਅਤੇ ਬੋਰਡ ਨੂੰ ਇਸ ਬਾਰੇ ਲਿਖਤੀ ਸਰਟੀਫਿਕੇਟ (ਜੋ ਕਿ ਚੈੱਕ ਭੇਜਣ ਸਮੇਂ ਨਾਲ ਨੱਥੀ ਹੋਵੇਗਾ) ਭੇਜੇਗਾ।

7. ਇਸ ਵਜ਼ੀਫੇ ਲਈ ਕਿਸੇ ਹੋਰ ਸੰਸਥਾ ਤੋਂ ਮਿਲਣ ਵਾਲੀ ਕਿਸੇ ਪ੍ਰਕਾਰ ਦੀ ਸਹਾਇਤਾ ਜਾਂ ਮਾਪਿਆਂ ਦੀ ਸਾਲਾਨਾ ਆਮਦਨ ਕੋਈ ਰੁਕਾਵਟ ਨਹੀਂ ਹੋਵੇਗੀ।

8. ਸਮੇਂ ਸਿਰ ਪ੍ਰਾਪਤ ਨਾ ਹੋਣ ਵਾਲੇ ਫਾਰਮਾਂ ਨੂੰ ਸਹਾਇਤਾ ਲਈ ਨਹੀਂ ਵਿਚਾਰਿਆ ਜਾਵੇਗਾ।

ਫਾਰਮ ਐਫ. ਪੀ. - 1

# ਪੰਜਾਬ ਸਕੂਲ ਸਿੱਖਿਆ ਬੋਰਡ

## ਸੈਸ਼ਨ 2010-11

1. ਵਿਦਿਆਰਥੀ ਦਾ ਨਾਂ ..........................................................................
2. ਪਿਤਾ ਦਾ ਨਾਂ ..........................................................................
3. ਮਾਤਾ ਦਾ ਨਾਂ ..........................................................................
4. ਸਕੂਲ ਦਾ ਨਾਂ ..........................................................................
5. ਬੋਰਡ ਦੁਆਰਾ ਜਾਰੀ ਸਕੂਲ ਦਾ ਸ਼ਨਾਖਤੀ ਨੰਬਰ ..................................................
6. ਸਕੂਲ ਦੇ ਦਾਖ਼ਲਾ-ਖ਼ਾਰਜ ਰਜਿਸਟਰ ਅਨੁਸਾਰ ਵਿਦਿਆਰਥੀ ਦੀ :
   1) ਜਮਾਤ ..........................................................................
   2) ਦਾਖ਼ਲਾ ਕ੍ਰਮ ਅੰਕ ..........................................................................
   3) ਜਨਮ ਮਿਤੀ (ਅੰਕਾਂ ਵਿੱਚ) ..........................................................
   (ਸ਼ਬਦਾਂ ਵਿੱਚ) ..........................................................................

............................
ਵਿਦਿਆਰਥੀ ਦੇ ਹਸਤਾਖ਼ਰ

1. ਤਸਦੀਕ ਕੀਤਾ ਜਾਂਦਾ ਹੈ ਕਿ ਵਿਦਿਆਰਥੀ ਦੇ ਉਪਰੋਕਤ ਵੇਰਵੇ ਸਕੂਲ ਦੇ ਰਿਕਾਰਡ ਅਨੁਸਾਰ ਠੀਕ ਹਨ । ਸਬੂਤ ਵਜੋਂ ਸਕੂਲ ਦੇ ਦਾਖ਼ਲਾ-ਖ਼ਾਰਜ ਰਜਿਸਟਰ ਦੇ ਸੰਬੰਧਤ ਪੰਨੇ ਦੀ ਤਸਦੀਕ ਸ਼ੁਦਾ ਫੋਟੋਕਾਪੀ ਨਾਲ ਭੇਜੀ ਜਾ ਰਹੀ ਹੈ ।
2. ਨਾਲ ਨੱਥੀ ਡਾਕਟਰੀ ਸਰਟੀਫਿਕੇਟ ਅਨੁਸਾਰ ਵਿਦਿਆਰਥੀ ਦੀ ਅਪੰਗਤਾ ................% ਹੈ।

ਸਕੂਲ ਮੁਖੀ ਦੇ ਹਸਤਾਖ਼ਰ
ਅਤੇ ਦਫ਼ਤਰੀ ਮੋਹਰ

1. ਸਕੂਲ ਮੁਖੀ ਦਾ ਪੂਰਾ ਨਾਂ ....................................
2. ਸਕੂਲ ਦਾ ਪੂਰਾ ਡਾਕ ਪਤਾ ..................................
   ..............................................................
3. ਸਕੂਲ ਮੁਖੀ ਦਾ ਟੈਲੀਫੋਨ ਨੰ : ................................
   ਮੋਬਾਇਲ ਨੰ : ................................................